15555/K
25-06-18

# ਦਫ਼ਤਰ ਜ਼ਿਲ੍ਹਾ ਮੈਜਿਸਟਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

(ਫੁਟਕਲ ਸ਼ਾਖਾ)

ਇਹ ਵੇਖਣ ਵਿੱਚ ਆਇਆ ਹੈ ਕਿ ਪਤੰਗ/ਗੁੱਡੀਆਂ ਉਡਾਉਣ ਲਈ ਜਿਹੜੀ ਡੋਰ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਸੂਤੀ ਡੋਰ ਤੋਂ ਹੱਟ ਕੇ ਸੰਥੈਟਿਕ/ਪਲਾਸਟਿਕ ਦੀ ਬਣੀ ਡੋਰ (ਚਾਈਨਜ ਡੋਰ) ਹੁੰਦੀ ਹੈ ਅਤੇ ਉਹ ਬੁਹਤ ਮਜਬੂਤ, ਨਾ ਗਲਣਯੋਗ ਅਤੇ ਨਾ ਹੀ ਟੁੱਟਣਯੋਗ ਹੈ। ਇਹ ਡੋਰ ਪਤੰਗਬਾਜੀ ਸਮੇਂ ਪਤੰਗ/ਗੁੱਡੀਆ ਉਡਾਉਣ ਵਾਲੇ ਦੇ ਹੱਥ ਅਤੇ ਉਂਗਲਾਂ ਕੱਟ ਦਿੰਦੀ ਹੈ। ਸਾਈਕਲ ਅਤੇ ਸਕੂਟਰ ਚਾਲਕਾਂ ਦੇ ਗਲ ਅਤੇ ਕੰਨ ਕੱਟੇ ਜਾਣ, ਉਡਦੇ ਪੰਛੀਆਂ ਦੇ ਫਸ ਜਾਣ ਤੇ ਉਨਾ ਦੇ ਮਰਨ ਦੀਆਂ ਘਟਨਾਵਾਂ ਵਾਪਰਨ ਦਾ ਖਤਰਾ ਹੋ ਸਕਦਾ ਹੈ। ਇਸ ਤੋਂ ਇਲਾਵਾ ਡੋਰ ਵਿਚ ਫਸੇ ਪੰਛੀਆਂ ਦੀ ਮੌਤ ਹੋ ਜਾਣ ਤੇ ਉਹਨਾ ਦੇ ਰੁੱਖਾਂ ਤੇ ਟੰਗੇ ਰਹਿਣ ਕਾਰਨ ਬਦਬੂ ਨਾਲ ਵਾਤਾਵਰਣ ਵੀ ਦੂਸ਼ਿਤ ਹੁੰਦਾ ਹੈ। ਇਸ ਤਰ੍ਹਾਂ ਸੰਥੈਟਿਕ/ਪਲਾਸਟਿਕ ਦੀ ਬਣੀ ਡੋਰ (ਚਾਈਨਜ ਡੋਰ) ਜਦੋਂ ਪਤੰਗ ਉਡਾਉਣ ਲਈ ਵਰਤੀ ਜਾਂਦੀ ਹੈ ਤਾਂ ਇਹ ਮਨੁਖੀ ਜਾਨਾਂ ਅਤੇ ਪੰਛੀਆਂ ਲਈ ਘਾਤਕ ਸਿੱਧ ਹੁੰਦੀ ਹੈ। ਇਨਾਂ ਤੱਥਾਂ ਨੂੰ ਮੁੱਖ ਰਖਦੇ ਹੋਏ ਅਤੇ ਆਮ ਜਨਤਾ ਦੀ ਸੁਰਖਿਆ ਦੇ ਮੱਦੇ ਨਜਰ ਸੰਥੈਟਿਕ/ ਪਲਾਸਟਿਕ ਦੀ ਬਣੀ ਡੋਰ (ਚਾਈਨਜ ਡੋਰ) ਨੂੰ ਪਤੰਗਾਂ ਲਈ ਵਰਤਣ ਵਾਸਤੇ, ਵੇਚਣ, ਸਟੋਰ ਕਰਨ ਤੇ ਪਾਬੰਦੀ ਲਗਾਉਣ ਬਾਰੇ ਹੁਕਮ ਜਾਰੀ ਕਰਨੇ ਉਚਿਤ ਹਨ।

ਇਸ ਲਈ ਉਪਰੋਕਤ ਸਥਿਤੀ ਨੂੰ ਮੁੱਖ ਰਖਦਿਆਂ ਮੈਂ, ਗੁਰਪ੍ਰੀਤ ਕੌਰ ਸਪਰਾ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਸਾਹਿਬਜਾਦਾ ਅਜੀਤ ਸਿੰਘ ਨਗਰ ਜਾਬਤਾ ਫੌਜਦਾਰੀ ਸੰਘਤਾ, 1973 ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋ ਕਰਦੀ ਹੋਈ ਜਿਲਾ ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿਚ ਪਤੰਗ/ਗੁੱਡੀਆਂ ਉਡਾਉਣ ਲਈ ਸੰਥੈਟਿਕ/ਪਲਾਸਟਿਕ ਦੀ ਬਣੀ ਡੋਰ (ਚਾਈਨਜ ਡੋਰ) ਨੂੰ ਵੇਚਣ, ਸਟੋਰ ਕਰਨ ਅਤੇ ਇਸ ਦੀ ਵਰਤੋਂ ਕਰਨ ਤੇ ਮੁਕੰਮਲ ਪਾਬੰਦੀ ਲਗਾਉਂਦੀ ਹਾਂ।

ਹਾਲਾਤ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਜਾਰੀ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਂਦਾ ਹੈ।

ਇਹ ਹੁਕਮ ਮਿਤੀ 21-06-2018 ਤੋਂ ਮਿਤੀ 20-08-2018 ਤੱਕ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਤੁਰੰਤ ਅਸਰ ਨਾਲ ਲਾਗੂ ਹੋਵੇਗਾ।

ਇਸ ਹੁਕਮ ਨੂੰ ਸੀਨੀਅਰ ਕਪਤਾਨ ਪੁਲਿਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜਿਲ੍ਹੇ ਵਿਚ ਅਤੇ ਸ਼ਹਿਰਾਂ ਵਿਚ ਕਾਰਜ ਸਾਧਕ ਅਫਸਰ, ਨਗਰ ਨਿਗਮ/ਕਾਰਜ ਸਾਧਕ ਅਫਸਰ, ਨਗਰ ਕੌਂਸਲਜ਼ ਅਤੇ ਦਿਹਾਤੀ ਖੇਤਰ ਵਿਚ ਡੀ.ਡੀ.ਪੀ.ਓਜ਼, ਬੀ.ਡੀ.ਪੀ.ਓਜ ਲਾਗੂ ਕਰਵਾਉਣ ਦੀ ਕਰਾਵਾਈ ਅਮਲ ਵਿੱਚ ਲਿਆਉਣਗੇ।

ਇਸ ਹੁਕਮ ਦਾ ਪ੍ਰਚਾਰ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਇਲਾਕਿਆਂ ਵਿੱਚ ਢੋਲ ਵਜਾ ਕੇ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਪ੍ਰਚਾਰ ਵੈਨ ਅਤੇ ਸਰਕਾਰੀ ਦਫ਼ਤਰਾਂ ਦੇ ਨੋਟਿਸ ਬੋਰਡਾਂ ਤੇ ਇਸ ਹੁਕਮ ਦੀਆਂ ਕਾਪੀਆਂ ਚਸਪਾ ਕਰਕੇ ਰੇਡੀਉ ਟੈਲੀਵੀਜਨ, ਦੂਰਦਰਸ਼ਨ ਅਤੇ ਪ੍ਰੈਸ ਰਾਹੀਂ ਆਮ ਜਨਤਾ ਤੱਕ ਪਹੁੰਚਾਇਆ ਜਾਵੇ।

ਇਹ ਹੁਕਮ ਅੱਜ ਮਿਤੀ 21-06-2018 ਨੂੰ ਮੇਰੇ ਹਸਤਾਖ਼ਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

District Magistrate S.A.S. Nagar

ਸਹੀ/-
ਗੁਰਪ੍ਰੀਤ ਕੌਰ ਸਪਰਾ, ਆਈ.ਏ.ਐਸ.,
ਜ਼ਿਲ੍ਹਾ ਮੈਜਿਸਟਰੇਟ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ: 9116 – 9161 /ਐਮ.ਸੀ-1 ਮਿਤੀ: 21/6/2018

ਇਸ ਦਾ ਇੱਕ ਉਤਾਰਾ ਨਿਮਨ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
2. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ,ਚੰਡੀਗੜ੍ਹ।
3. ਕਮਿਸ਼ਨਰ,ਰੂਪਨਗਰ ਮੰਡਲ, ਰੂਪਨਗਰ।
4. ਡੀ.ਆਈ.ਜੀ. ਰੇਂਜ, ਰੂਪਨਗਰ।
5. ਜਿਲਾ ਅਤੇ ਸ਼ੈਸ਼ਨ ਜੱਜ, ਐਸ.ਏ.ਐਸ.ਨਗਰ।
6. ਵਧੀਕ ਜਿਲਾ ਅਤੇ ਸ਼ੈਸ਼ਨ ਜੱਜ, ਐਸ.ਏ.ਐਸ.ਨਗਰ
7. ਸੀਨੀਅਰ ਪੁਲਿਸ ਕਪਤਾਨ,ਐਸ.ਏ.ਐਸ.ਨਗਰ।
8. ਸਮੂਹ ਜਿਲਾ ਮੈਜਿਸਟਰੇਟ ਰੂਪਨਗਰ, ਫਤਹਿਗੜ੍ਹ ਸਾਹਿਬ, ਪਟਿਆਲਾ, ਸੰਗਰੂਰ, ਮਾਨਸਾ, ਲੁਧਿਆਣਾ, ਬਠਿੰਡਾ, ਫਿਰੋਜ਼ਪੁਰ, ਫਰੀਦਕੋਟ, ਮੋਗਾ, ਮੁਕਤਸਰ, ਅਮ੍ਰਿਤਸਰ, ਤਰਨ ਤਾਰਨ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਗੁਰਦਾਸਪੁਰ, ਬਰਨਾਲਾ, ਪਠਾਨਕੋਟ, ਫਾਜ਼ਿਲਕਾ।
9. ਜਿਲਾ ਮੈਜਿਸਟਰੇਟ ਚੰਡੀਗੜ੍ਹ/ਪੰਚਕੁਲਾ।
10. ਕਮਿਸ਼ਨਰ, ਮਿਊਂਸਪਲ ਕਾਰਪੋਰੇਸ਼ਨ, ਸੈਕਟਰ-68, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
11. ਉਪ ਮੰਡਲ ਮੈਜਿਸਟਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਖਰੜ, ਡੇਰਾਬਸੀ।
12. ਸਹਾਇਕ ਕਰ ਤੇ ਆਬਕਾਰੀ ਕਮਿਸ਼ਨਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
13. ਸਿਵਲ ਸਰਜਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
14. ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
15. ਜਿਲਾ ਵਿਕਾਸ ਤੇ ਪੰਚਾਇਤ ਅਫਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
16. ਤਹਿਸੀਲਦਾਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਖਰੜ, ਡੇਰਾਬਸੀ।
17. ਤਹਿਸੀਲਦਾਰ, ਚੋਣਾਂ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ।
18. ਨਾਇਬ ਤਹਿਸੀਲਦਾਰ, ਮਾਜਰੀ, ਬਨੂੰੜ ਅਤੇ ਜੀਰਕਪੁਰ।
19. ਬੀ.ਡੀ.ਪੀ.ਓ, ਮਾਜਰੀ, ਖਰੜ, ਡੇਰਾਬਸੀ।
20. ਕਾਰਜ ਸਾਧਕ ਅਫ਼ਸਰ, ਮਿਊਂਸਪਲ ਕਮੇਟੀ,ਖਰੜ, ਕੁਰਾਲੀ, ਡੇਰਾਬਸੀ, ਨਿਆ ਗਰਾਉ/ਜੀਰਕਪੁਰ/ਬਨੂੜ/ ਲਾਲੜੂ।
21. ਜ਼ਿਲ੍ਹਾ ਟਰਾਂਸਪੋਰਟ,ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
22. ਜਿਲ੍ਹਾ ਇੰਨਫੋਰਮੈਟਿਕ ਅਫਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਧਾਰਾ 144 ਦੇ ਹੁਕਮ ਜਿਲ੍ਹੇ ਦੀ ਵੈਬ ਸਾਈਟ ਤੇ ਅਪ ਲੋਡ ਕਰਨ ਸਬੰਧੀ।
23. ਸਕੱਤਰ ਮਾਰਕੀਟ ਕਮੇਟੀ ਖਰੜ, ਡੇਰਾਬਸੀ, ਕੁਰਾਲੀ, ਬਨੂੰੜ ਅਤੇ ਲਾਲੜੂ।
24. ਸੁਪਰਡੰਟ ਗਰੇਡ-1/ਪੀ.ਏ.ਟੂ ਡੀ.ਐਮ./ਸਟੈਨੋ ਟੂ ਏ.ਡੀ.ਐਮ.(ਜ)/ਸਟੈਨੋ ਟੂ ਸ:ਕ:(ਜ:ਸਿ:) ਨੂੰ ਅਫ਼ਸਰ ਸਾਹਿਬਾਨ ਦੀ ਸੂਚਨਾ ਹਿੱਤ।

35149-76/A 25/6/18

ਸੀਨੀਅਰ ਕਪਤਾਨ ਪੁਲਿਸ
ਐਸ.ਏ.ਐਸ. ਨਗਰ

ਵਾ:ਜ਼ਿਲ੍ਹਾ ਮੈਜਿਸਟਰੇਟ,
ਸਾਹਿਬਜਾਦਾ ਅਜੀਤ ਸਿੰਘ ਨਗਰ।